ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

ਸਟੀਕ

ਭਾਗ ਦਸਵਾਂ

ਡਾ. ਅਜੀਤ ਸਿੰਘ ਔਲਖ

੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਸਟੀਕ

ਜਿਲਦ ਦਸਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ-੨)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ਅਧਿਆਇ ਸੰਤਾਲੀਵਾਂ

ਬ੍ਰਹਮ ਗਿਆਨ ਉਪਦੇਸ਼

ਦੋਹਰਾ- 'ਚਾਰਹੁੰ ਸਾਧਨ ਪਾਇਕੈ ਸਤਿਗੁਰ ਸ਼ਰਣਿ ਸਿਧਾਇ।
ਪਰਖੈਂ ਮਹਾਂ ਸੁਜਾਨ ਤਬਿ ਬ੍ਰਹਮ ਬਿਦਿਆ ਸਿਖਰਾਇੰ॥ ੧॥

ਚਾਰੇ ਸਾਧਨ ਪ੍ਰਾਪਤ ਕਰਕੇ ਫਿਰ ਸਤਿਗੁਰੂ ਜੀ ਦੀ ਸ਼ਰਨ ਵਿਚ ਜਾਵੇ, ਫਿਰ ਮਹਾਂ ਸੁਜਾਨ ਸਤਿਗੁਰੂ ਜੀ ਸਿੱਖ ਨੂੰ ਪਰਖਦੇ ਹਨ ਤੇ ਬ੍ਰਹਮ ਵਿਦਿਆ ਸਿਖਾਉਂਦੇ ਹਨ॥੧॥

ਚੌਪਈ- ਚਾਰ ਪ੍ਰਕਾਰ ਅਹੈ ਬ੍ਰਹਮ ਗਜਾਨ। ਸ੍ਰਵਣ, ਮਨਨ, ਨਿੱਧਜਾਸਨ ਜਾਨ।
ਚੌਥੇ ਸਾਖਜਾਤ ਗੁਰ ਕਹੈ। ਜਿਸਕੋ ਪਾਇ ਨ ਜਗ ਮਹਿਂ ਬਹੈ॥ ੨॥

ਬ੍ਰਹਮ ਗਿਆਨ ਚਾਰ ਪ੍ਰਕਾਰ ਦਾ ਹੈ, ਸੁਣਨਾ, ਮੰਨਣਾ, ਨਿਧਿਆਸਨ ਜਾਣੋ। ਚੌਥਾ ਸਾਖਿਆਤ ਗੁਰੂ ਜੀ ਕਹਿੰਦੇ ਹਨ, ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਫਿਰ ਜਗਤ ਵਿਚੋਂ ਰੁੜ੍ਹਦਾ ਨਹੀਂ ਹੈ॥੨॥

(ਸ੍ਰਵਨ:) ਪ੍ਰਥਮ ਸ੍ਰਵਣ ਖਟ ਲਿੰਗ ਪ੍ਰਕਾਰ। ਜਿਸ ਤੇ ਚੇਤਨ ਅਦੁਤਿ ਮਝਾਰ।
ਤਾਤਪਰਯ ਕੋ ਨਿਸ਼ਚੈ ਹੋਇ। ਸ਼੍ਰੀ ਸਤਿਗੁਰੂ 'ਸ੍ਰਵਣ' ਕਹਿਂ ਸੋਇ॥ ੩॥

ਪਹਿਲਾ ਸੁਣਨਾ ਹੈ, ਜਿਸ ਦੇ ਛੇ ਲਿੰਗ ਚਿੰਨ੍ਹ ਹਨ, ਭਾਵ ਬ੍ਰਹਮ ਪ੍ਰਤਿਪਾਦਨ ਕਰਨ ਵਾਲੇ ਗ੍ਰੰਥ ਦਾ ਜਿਸ ਨੂੰ ਸੁਣਨਾ ਹੈ ਉਸ ਦੇ ਛੇ ਚਿੰਨ੍ਹ ਹਨ। ਜਿਨ੍ਹਾਂ ਛੇ ਲਿੰਗ ਚਿੰਨ੍ਹਾਂ ਕਰਕੇ ਅਦੁੱਤੀ ਚੇਤਨ ਦੇ ਵਿਚ ਤਾਤਪਰੇ ਦਾ ਨਿਸ਼ਚਾ ਹੋ ਜਾਵੇ, ਉਸ ਨੂੰ ਸਤਿਗੁਰੂ 'ਸੁਣਨਾ' ਕਹਿੰਦੇ ਹਨ॥੩॥

ਇਕ 'ਉਪਕਰਮ ਅਰੁ ਉਪਸੰਹਾਰ'। ਦੂਜੇ ਕੋ 'ਅੱਭਜਾਸ' ਉਚਾਰ।
'ਸ੍ਰਵਣ ਅਪੂਰਬਤਾ' ਲਖਿਤੀਨ। 'ਫਲ' ਪੁਨ 'ਅਰਥਬਾਦ' ਕੋ ਚੀਨ॥੪॥

ਇਕ ਉਪਕਰਮ ਅਤੇ ਉਪਸੰਹਾਰ ਹੈ, ਦੂਜੇ ਨੂੰ ਅਭਿਆਸ ਉਚਾਰਨ ਕਰੋ 'ਸ੍ਰਵਣ ਅਪੂਰਬਤਾ' ਤੀਸਰਾ ਸਮਝੋ। ਚੌਥਾ ਫਲ ਅਤੇ ਅਰਥਬਾਦ ਨੂੰ ਪੰਜਵਾਂ ਪਛਾਣੋ॥੪॥

'ਉਪਪਤਿਵ' ਖਸ਼ਟਮ ਕਰਹਿਂ ਉਚਾਰਨ। ਅਬਿ ਇਨਕੇ ਕਰਿ ਅਰਥ ਬਿਚਾਰਨ।
ਅਰਥ ਜੁ ਆਦਿ ਗ੍ਰੰਥ ਮਹਿਂ ਧਰਨਾ। ਤਿਸਕੋ ਪ੍ਰਤਿ ਪਾਦਨ ਬਹੁ ਕਰਨਾ॥੫॥

ਉਪਪਤਿ ਨੂੰ ਛੇਵਾਂ ਉਚਾਰਨ ਕਰਦੇ ਹਨ। ਹੁਣ ਇਨ੍ਹਾਂ ਦੇ ਅਰਥਾਂ 'ਤੇ ਵਿਚਾਰ ਕਰਦੇ ਹਨ। ਜੋ ਅਰਥ ਭਾਵ ਗ੍ਰੰਥ ਦੇ ਆਦਿ ਵਿਚ ਰੱਖ ਕੇ ਉਸ ਨੂੰ ਪ੍ਰਤਿਪਾਦਨ ਬਹੁਤ ਕਰਨਾ ਹੈ॥੫॥

ਤਿਸੀ ਅਰਥ ਮਹਿਂ ਹੋਹਿ ਸਮਾਪਤਿ। ਉਪਕ੍ਰਮ ਉਪਸੰਹਾਰ ਜਾਨ ਚਿਤ।
ਸ਼੍ਰੀ ਨਾਨਕ ਜੀ ਕੀਨ ਬਨਾਇ। ਉਦਾਹਰਣ ਸੁਨਿ ਲਿਹੁ ਸੁਖ ਪਾਇ॥੬॥

ਉਸ ਪ੍ਰਤਿਪਾਦਨ ਨੂੰ ਅਤੇ ਉਸੇ ਅਰਥ ਵਿਚ ਸਮਾਪਤ ਕਰਨਾ ਹੈ। ਇਸ ਦਾ ਨਾਮ ਉਪਕ੍ਰਮ ਉਪ ਸੰਹਾਰ, ਚਿੱਤ ਵਿਚ ਜਾਣੋ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਣਾਇਆ ਹੈ, ਸੁਖ ਪਾ ਕੇ ਉਦਾਹਰਣ ਸੁਣ ਲਵੋ॥੬॥

"ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥"

ਪ੍ਰਾਰੰਭ ਵਿਚ ਸੱਚਾ, ਯੁਗਾਂ ਦੇ ਅਰੰਭ ਵਿਚ ਸੱਚਾ, ਉਹ ਹੁਣ ਵੀ ਸੱਚਾ ਹੈ ਅਤੇ ਹੇ ਨਾਨਕ ! ਨਿਸ਼ਚਿਤ ਹੀ, ਭਵਿਖ ਵਿਚ ਵੀ ਉਹ ਸੱਚਾ ਹੋਵੇਗਾ।

ਚੌਪਈ- ਆਦਿ ਜਗਤ ਕੇ ਸੱਚ ਦਿਖਾਯੋ। ਅੰਤ ਸਕਲ ਕੇ ਸੱਚ ਬਤਾਯੋ।
ਆਦਿ ਅੰਤ ਮਹਿਂ ਬਰਨਜੋ ਏਕ। 'ਉਪਕ੍ਰਮ ਉਪ ਸੰਹਾਰ' ਬਿਬੇਕ ॥੭॥

ਜਗਤ ਦੇ ਆਦਿ ਵਿਚ ਸੱਚ ਵਿਖਾਇਆ ਹੈ, ਸਾਰਿਆਂ ਦੇ ਅੰਤ ਵਿਚ ਸੱਚ ਬਤਾਇਆ। ਆਦਿ ਅੰਤ ਵਿਚ ਇਕੋ ਵਰਣਨ ਕੀਤਾ ਹੈ, ਇਹ 'ਉਪਕ੍ਰਮ ਉਪਸੰਹਾਰ' ਜਾਣੋ॥੭॥

(ਅੱਭਜਾਸ) ਜੋਗ ਨਿਰੂਪਣ ਕੇ ਜੋ ਅਹੈ। ਵਸਤੁ ਅਦੁਤੀ ਜੁ ਚੇਤਨ ਲਹੈ।
ਬਾਰ ਬਾਰ ਤਿਸ ਕਰਹਿ ਪ੍ਰਕਾਸ਼ਾ ਗ੍ਰੰਥ ਬਿਖੈ, ਸੋ ਲਖਿ ਅੱਭਜਾਸਾ ॥੮॥

ਜੋ ਗੱਲ ਨਿਰੂਪਣ ਕਰਨ ਦੇ ਯੋਗ ਹੈ। ਅਭਿਆਸ ਲਿੰਗ ਇਸ ਨੂੰ ਸਮਝੋ, ਉਸ ਨੂੰ ਅਦੁੱਤੀ ਚੇਤਨ ਵਸਤੂ ਦਿਖਾਉਣ ਵਾਸਤੇ, ਬਾਰ-ਬਾਰ ਗ੍ਰੰਥ ਵਿਚ ਉਸ ਦਾ ਪ੍ਰਕਾਸ਼ ਕਰੇ॥੮॥

ਜਪੁਜੀ ਬਿਖੈ ਨਿਰੂਪਣ ਕਰਿਓ। ਬਾਰਹਿ ਬਾਰ ਅਰਥ ਸੋ ਧਰਿਓ।

ਜਪੁਜੀ ਵਿਚ ਉਸ ਨੂੰ ਨਿਰੂਪਣ ਕੀਤਾ ਤੇ ਬਾਰ-ਬਾਰ ਉਸ ਦੇ ਅਰਥ ਨੂੰ ਧਰਿਆ ਹੈ।

"ਸਾਚਾ ਸਾਹਿਬੁ ਸਾਚੁ ਨਾਇ"॥ "ਥਾਪਿਆ ਨ ਜਾਇ ਕੀਤਾ ਨ ਹੋਇ॥"

"ਸੱਚਾ ਸਾਹਿਬ, ਸੱਚਾ ਉਸ ਦਾ ਨਾਮ ਹੈ।" ਉਹ ਪਵਿੱਤਰ ਪੁਰਖ ਸਾਰਾ ਕੁਝ ਆਪ ਹੀ ਹੈ, ਉਹ ਕਿਸੇ ਦਾ ਅਸਥਾਪਨ ਕੀਤਾ ਅਤੇ ਨਾ ਹੀ ਬਣਾਇਆ ਹੋਇਆ ਹੈ।"

ਇੱਤਜਾਦਿਕ ਪਉੜੀ ਬਹੁ ਮਾਂਹਿ। ਬਰਨਨ ਕਰਜੋ ਸੱਚੁ ਸੁਖ ਪਾਹਿ ॥੯॥

ਇਸ ਪ੍ਰਕਾਰ ਬਹੁਤ ਪਉੜੀਆਂ ਵਿਚ ਸੱਚ ਦਾ, ਅਦੁਤੀ ਬ੍ਰਹਮ ਦਾ ਵਰਣਨ ਕੀਤਾ ਹੈ, ਜਿਸ ਤੋਂ ਸੁੱਖ ਪ੍ਰਾਪਤ ਹੋਵੇਗਾ॥੯॥

(ਅਪੂਰਵਤਾ) ਜੋ ਪ੍ਰਤਿ ਪਾਦਜ ਅਦੁਤੀ ਵਸਤੁ ਹੁਇ। ਪ੍ਰਮਾਣਾਂਤਰ ਕਹਿਂ ਅਬਿਸ਼ੈ ਸੁਇ।
ਸ੍ਰਵਣ ਅਪੂਰਬਤਾ ਲਖਿ ਤੀਜਾ। ਸੱਚ ਏਕ ਹੈ ਅਵਰ ਨ ਬੀਜਾ॥ ੧੦॥

ਤੀਜਾ ਸ੍ਰਵਣ ਲਿੰਗ 'ਅਪੂਰਵਤਾ' ਹੈ, ਸੋ ਇਹ ਹੈ :- ਪ੍ਰਤਿਪਾਦਨ ਕਰਨ ਯੋਗ ਜੋ ਅਦੁੱਤੀ ਚੇਤਨ ਵਸਤੂ ਹੈ, ਉਹ ਹੋਰ ਪ੍ਰਮਾਣਾਂ ਦੇ ਅਵਿਸ਼ੈ ਕਹਿੰਦੇ ਹਨ। ਭਾਵ ਪ੍ਰਤੱਖ ਪ੍ਰਮਾਣ ਆਦਿ ਪ੍ਰਮਾਣ ਉਸ 'ਪਰ ਨਹੀਂ ਚਲਦੇ, ਮੁਰਾਦ ਇਹ ਹੈ ਕਿ ਇਸ ਤਰ੍ਹਾਂ ਦੇ ਲੱਛਣ ਰੂਪ ਬੰਨ੍ਹਣੇ ਛੁਟੇਰੇ ਦਿਮਾਗਾਂ ਦਾ ਕੰਮ ਹੈ ਜਿਨ੍ਹਾਂ ਨੇ ਵਿੱਦਿਆ ਦੇ ਪ੍ਰਕਰਣ ਬੰਨ੍ਹਣੇ ਹੁੰਦੇ ਹਨ, ਇਲਹਾਮੀ ਤੇ ਬ੍ਰਹਮ ਆਵੇਸ਼ ਵਾਲੇ ਬ੍ਰਹਮ ਰੂਪ ਮਹਾਂਪੁਰਖ ਸਤਿਗੁਰਾਂ ਨੂੰ ਇਹ ਲੋੜ ਨਹੀਂ ਕਿ ਨਿੱਕੇ ਵੇਰਵਿਆਂ ਦੇ ਲੇਖੇ ਲਿਖੀ ਜਾਣ॥੧੦॥

"ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥"

ਗੋਬਿੰਦ ਪ੍ਰਭੂ ਦੀਆਂ ਗਿਆਨ ਗੋਸ਼ਟਾਂ ਵਿਚਾਰਨ ਵਾਲੇ ਪੁਰਸ਼ਾਂ ਦੀ ਕੋਈ ਘਾਟ ਨਹੀਂ। ਕਰੋੜਾਂ ਹੀ ਕਰੋੜਾਂ ਉਤੇ ਕਰੋੜਾਂ ਬਿਆਨ ਅਤੇ ਧਰਮ ਭਾਸ਼ਨ ਦਿੰਦੇ ਹਨ।

'ਕਹਣਾ ਕਥਨੁ ਨ ਜਾਈ' ਉਦਾਰ। 'ਵਾਰਿਆ ਨ ਜਾਵਾ ਏਕ ਵਾਰ'।
ਪ੍ਰਤੱਛ ਪ੍ਰਮਾਣ ਆਦਿ ਸਭਿਹਨਿ ਤੇ। ਬਿਸ਼ੈ ਨ ਹੋਇ ਸਕਹਿ ਜਿਨ ਕਿਨਤੇ॥੧੧॥

ਵਾਹਿਗੁਰੂ ਜੀ ਬਾਰੇ ਕਹਿਣਾ ਚੰਗੀ ਤਰ੍ਹਾਂ ਕਥਨ ਨਹੀਂ ਕੀਤਾ ਜਾ ਸਕਦਾ। ਮੈਂ ਇਕ ਵਾਰ ਵੀ ਤੇਰੇ ਉਤੋਂ ਕੁਰਬਾਨ ਨਹੀਂ ਹੋ ਸਕਦਾ, ਭਾਵ ਇਹ ਕਿ ਪ੍ਰਤੱਛ ਆਦਿ ਪ੍ਰਮਾਣਾਂ ਕਰਕੇ ਉਹ ਅਦੁੱਤੀ ਕਿਸੇ ਕਰਕੇ ਵੀ ਵਿਸ਼ੇ ਨਹੀਂ ਹੋ ਸਕਦਾ॥੧੧॥

(ਫਲ ਚਲਿਆ) ਪ੍ਰਤਿਪਾਦਨ ਕਰਿਬੇ ਕੋ ਜੋਗ। ਆਤਮ ਗ੍ਯਾਨ ਕਹੈਂ ਪ੍ਰਭੁ ਲੋਗ।
ਤਿਸੀ ਗ੍ਯਾਨ ਕੋ ਜੋ ਅਨੁਸ਼ਠਾਨ। ਸੇਵਨ ਕਰਨੋ ਮਹਿਦ ਮਹਾਨ॥ ੧੨॥

ਪ੍ਰਭ ਦੇ ਲੋਕ ਸੰਤ ਕਹਿੰਦੇ ਹਨ ਕਿ ਪ੍ਰਕਰਣ ਕਰਕੇ ਪ੍ਰਤਿਪਾਦਨ ਕਰਨ ਦੇ ਯੋਗ ਆਤਮਾ ਗਿਆਨ ਹੈ ਅਤੇ ਉਸ ਆਤਮ ਗਿਆਨ ਦਾ ਜੋ ਅਨੁਸ਼ਠਾਨ ਅਰਥਾਤ ਸੇਵਨ ਕਰਨਾ ਹੈ, ਉਹ ਬਹੁਤ ਸ੍ਰੇਸ਼ਟ ਹੈ॥੧੨॥

ਚੌਥੇ ਸ੍ਰਵਣ ਪ੍ਰਯੋਜਨ ਸੋਇ। ਫਲ ਭੀ ਨਾਮ, ਸੁਨਹੁਂ ਜਿਮ ਹੋਇ।
'ਗੁਰਮੁਖਿ ਨਾਦੰ ਗੁਰਮੁਖਿ ਵੇਦੰ'। 'ਗੁਰਾ ਇਕ ਦੇਹਿ ਬੁਝਾਇਵ ਭੇਦੰ' ॥੧੩॥

ਚੌਥਾ ਕੰਨਾਂ ਨਾਲ ਸੁਣਨ ਦਾ ਜਿਹੜਾ ਪ੍ਰਯੋਜਨ ਹੈ, ਜਿਵੇਂ ਨਾਮ ਸੁਣਨ ਦਾ ਫਲ ਹੈ, ਉਸ ਨੂੰ ਵੀ ਸੁਣੋ ਜਿਵੇਂ ਹੁੰਦਾ ਹੈ। "ਗੁਰੂ ਜੀ ਨੇ ਇਕ ਭੇਦ ਐਸੇ ਸਮਝਾ ਦਿੱਤਾ ਹੈ। ਗੁਰਮੁਖ ਹੀ ਨਾਦ ਹੈ, ਗੁਰਮੁਖ ਹੀ ਵੇਦ ਹੈ" ॥੧੩॥

ਨਿਤ ਸਤਿਗੁਰ ਕੀ ਸੇਵਾ ਕਰਨੀ। ਗੁਰ ਤੇ ਗ੍ਯਾਨ ਪ੍ਰਾਪਤੀ ਬਰਨੀ।
ਮੁਕਤਿ ਦੇਤਿ ਹੈ ਆਤਮ ਗ੍ਯਾਨ। ਇੱਤ੍ਯਾਦਿਕ ਜਹਿਂ ਕੀਨ ਬਖਾਨ॥੧੪॥

ਨਿਤ ਸਤਿਗੁਰੂ ਜੀ ਦੀ ਸੇਵਾ ਕਰਨੀ ਹੈ, ਗੁਰੂ ਜੀ ਦੇ ਗਿਆਨ ਦੀ ਪ੍ਰਾਪਤੀ ਕਰਨੀ ਹੈ। ਗੁਰੂ ਜੀ ਮੁਕਤੀ ਅਤੇ ਆਤਮ ਗਿਆਨ ਦਿੰਦੇ ਹਨ, ਇਸ ਪ੍ਰਕਾਰ ਜਿਨ੍ਹਾਂ ਨੇ ਫੁਰਮਾਇਆ ਹੈ॥੧੪॥

ਪੰਚਮ 'ਅਰਥਵਾਦ' ਸੁਨਿ ਲੱਛਨ। ਜੋ ਭਾਖਤਿ ਹੈਂ ਗ੍ਯਾਨ ਬਿੱਚਛਨ।
ਬਰਨਨ ਜੋਗ ਵਸਤੁ ਹੈ ਜੋਇ। ਤਿਸ ਮਹਿਂ ਤਿਸ ਕੀ ਉਸਤਤ ਹੋਇ॥੧੫॥

ਪੰਜਵੇਂ 'ਅਰਥਵਾਦ' ਦੇ ਲੱਛਣ ਸੁਣੋ, ਜਿਹੜੇ ਵਿਲੱਖਣ ਗਿਆਨ ਕਹਿੰਦੇ ਹਨ। ਵਰਣਨ ਯੋਗ ਜਿਹੜੀਆਂ ਵਸਤਾਂ ਹਨ, ਉਸ ਵਿਚ ਉਸ ਦੀ ਉਸਤਤ ਹੁੰਦੀ ਹੈ॥੧੫॥

'ਨਾਨਕ ਨਿਰਗੁਣਿ ਗੁਣ' ਹਿ 'ਕਰੇਇ'। 'ਗੁਣਵੰਤਿਆ' ਜੋ ਹੁਇ 'ਗੁਣ ਦੇਇ'।
'ਤੇਹਾ ਕੋਇ ਨ ਸੁਝਈ' ਪਰੇ। 'ਜੇ ਤਿਸੁ' ਕੋ 'ਗੁਣ ਕੋਇ ਕਰੇ'॥ ੧੬॥

ਹੇ ਨਾਨਕ ! ਵਾਹਿਗੁਰੂ ਨੇਕੀ ਵਿਹੂਣਿਆਂ ਨੂੰ ਨੇਕੀ ਬਖ਼ਸ਼ਦਾ ਹੈ ਅਤੇ ਪਵਿੱਤਰ ਆਤਮਾਵਾਂ ਨੂੰ ਪਵਿੱਤਰਤਾਈ ਪ੍ਰਦਾਨ ਕਰਦਾ ਹੈ। ਮੈਂ ਇਹੋ ਜਿਹੇ ਕਿਸੇ ਹੋਰ ਦਾ ਖਿਆਲ ਨਹੀਂ ਕਰ ਸਕਦਾ, ਜਿਹੜਾ ਉਸ ਉੱਤੇ ਕੋਈ ਮਿਹਰਬਾਨੀ ਕਰ ਸਕਦਾ ਹੋਵੇ॥੧੬॥

ਸਭਿ ਤੇ ਗ੍ਯਾਨਵਾਨ ਹੁਇ ਦੀਹਾ। ਤਿਸ ਪਰ ਕੋ ਉਪਕਾਰ ਕਰੀਹਾ।
ਚਹੈ ਸੁ ਕਰੈ ਆਪ ਸਮਰੱਥ। ਬ੍ਰਹਮਗ੍ਯਾਨੀ ਕੈ ਸਭਿ ਕਿਛ ਹੱਥ॥ ੧੭॥

ਉਹ ਸਭ ਤੋਂ ਵੱਡਾ ਗਿਆਨਵਾਨ ਹੈ, ਉਹ ਬ੍ਰਹਮ ਗਿਆਨੀ ਉੱਤੇ ਕੌਣ ਉਪਕਾਰ ਕਰ ਸਕਦਾ ਹੈ, ਭਾਵ ਕੋਈ ਨਹੀਂ ਕਰ ਸਕਦਾ। ਉਹ ਜੋ ਚਾਹੇ ਕਰੇ, ਉਹ ਆਪ ਸਰਬ ਸਮਰੱਥ ਹੈ, ਬ੍ਰਹਮ ਗਿਆਨੀ ਦੇ ਸਭ ਕੁਝ ਹੱਥ ਵਿਚ ਹੈ॥੧੭॥

'ਉਪਪਤਿ' ਖਸ਼ਟਮ ਸ੍ਰਵਣ ਸੁ ਲੱਛਨ। ਕਹਤਿ ਬੇਦ ਸਤਿਗੁਰੂ ਬਿਚੱਛਨ।
ਜੋ ਪ੍ਰਕਰਨ ਕਰਿਕੈ ਸ਼ੁਭ ਅਰਥ। ਪ੍ਰਤਿਪਾਦਨ ਕੇ ਜੋਗ ਸਮਰਥ॥ ੧੮॥

ਛੇਵਾਂ ਲਿੰਗ ਸ੍ਰਵਣ ਦਾ 'ਉਪਪਤੀ' ਹੈ, ਇਹ ਕਹਿੰਦੇ ਹਨ ਵੇਦ ਤੇ ਚਤੁਰ ਸਤਿਗੁਰੂ ਜੀ ਕਿ ਜੋ ਪ੍ਰਕਰਣ ਕਰਕੇ ਸ਼ੁਭ ਅਰਥ ਸਿੱਧ ਹੁੰਦਾ ਹੋਵੇ ਤੇ ਜੋ ਉਸ ਅਰਥ ਨੂੰ ਕਥਨ ਕਰਨ ਵਿਚ ਸਮਰੱਥ ਹੋਵੇ, ਉਸ ਜੁਗਤੀ ਨੂੰ ਉਪਪਤੀ ਵਿਚਾਰ ਲਵੋ॥੧੮॥

ਦੋਹਰਾ- ਤਿਸੀ ਅਰਥ ਸਿਧ ਕਰਨ ਮੈਂ ਤਿਸੀ ਪ੍ਰਕਰਣ ਮਝਾਰ।
ਸ਼੍ਰਵਣ ਕਰੀ ਹੈ ਜੁਗਤਿ ਜੇ ਸੋ ਉਪਪੱਤਿ ਬਿਚਾਰ॥ ੧੯॥

ਉਸੇ ਅਰਥ ਨੂੰ ਸਿਧ ਕਰਨ ਲਈ, ਉਸੇ ਪ੍ਰਕਰਣ ਵਿਚ ਸ਼ੁਭ ਅਰਥ ਸਿੱਧ ਹੁੰਦਾ ਹੋਵੇ ਤਾਂ ਉਸੇ ਪ੍ਰਕਰਣ ਵਿਚ ਉਸੇ ਅਰਥ ਨੂੰ ਸਿਧ ਕਰਨ ਲਈ ਸ਼ਰਵਣ ਕੀਤੀ ਜਾਵੇ ਤੇ ਉਸ ਜੁਗਤੀ ਨੂੰ ਉਪਪਤੀ ਵਿਚਾਰ ਲਵੋ॥੧੯॥

"ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥"

ਸ਼ਲਾਘਾ ਕਰਨ ਵਾਲੇ ਸਾਹਿਬ ਦੀ ਸ਼ਲਾਘਾ ਕਰਦੇ ਹਨ ਪਰ ਉਨ੍ਹਾਂ ਨੂੰ ਏਨੀ ਸਮਝ ਪ੍ਰਾਪਤ ਨਹੀਂ ਹੁੰਦੀ ਕਿ ਉਸਦੀ ਵਿਸ਼ਾਲਤਾ ਨੂੰ ਜਾਣ ਲੈਣ। ਜਿਸ ਤਰ੍ਹਾਂ ਸਮੁੰਦਰ ਵਿਚ ਡਿੱਗਣ ਵਾਲੇ ਨਦੀਆਂ ਅਤੇ ਨਾਲੇ ਸਮੁੰਦਰ ਦੇ ਵਿਸਥਾਰ ਨੂੰ ਨਹੀਂ ਸਮਝਦੇ।

ਚੌਪਈ- ਨਦੀ ਈਸ਼ ਹੈ, ਜੀਵ ਸੁ ਵਾਹਾ। ਦੋਨਹੁੰ ਮਿਲੇ ਉਦਧਿ ਬ੍ਰਹਮ ਮਾਂਹਾ।
ਨਾਮ ਨਦੀ ਵਾਹਾ ਮਿਟ ਜਾਇਂ। ਤਿਮ ਹੀ ਈਸ਼ ਜੀਵ ਨ ਰਹਾਇ॥੨੦॥

ਨਦੀ ਈਸ਼ ਹੈ, ਜੀਵ ਨਾਲਾ ਹੈ, ਦੋਵੇਂ ਬ੍ਰਹਮ ਰੂਪੀ ਸਮੁੰਦਰ ਵਿਚ ਜਾ ਮਿਲੇ। ਨਦੀ ਅਤੇ ਨਾਲੇ ਦਾ ਨਾਮ ਮਿੱਟ ਜਾਂਦਾ ਹੈ, ਜਦ ਉਹ ਸਮੁੰਦਰ ਵਿਚ ਡਿੱਗ ਪੈਂਦੇ ਹਨ। ਉਸ ਤਰ੍ਹਾਂ ਹੀ ਈਸ਼ ਅਤੇ ਜੀਵ ਨਹੀਂ ਰਹਿੰਦੇ ਹਨ॥੨੦॥

ਸਿੰਧੁ ਰੂਪ ਬਨਿ ਸਿੰਧੁ ਕਹਾਵੈਂ। ਤਥਾ ਬ੍ਰਹਮ ਸੋਂ ਦ੍ਵੈ ਮਿਲਿ ਜਾਵੈਂ।
ਕੋਟ ਜਤਨ ਤੇ ਨਜਾਰੇ ਹੋਇਂ ਨ। ਮਿਲੇ ਵਿਭੇਦ ਸਕੈ ਕਰਿ ਕੋਇ ਨ॥੨੧॥

ਸਮੁੰਦਰ ਰੂਪ ਬਣ ਕੇ ਸਮੁੰਦਰ ਹੀ ਕਹਾਉਂਦੇ ਹਨ, ਉਸ ਤਰ੍ਹਾਂ ਰਾਜਾ ਅਤੇ ਜੀਵ ਦੋਵੇਂ ਬ੍ਰਹਮ ਨਾਲ ਮਿਲ ਜਾਂਦੇ ਹਨ। ਕਰੋੜਾਂ ਯਤਨ ਕਰਨ ਨਾਲ ਵੀ ਵੱਖ ਨਹੀਂ ਹੋ ਸਕਦੇ, ਮਿਲਣ ਬਾਅਦ ਕੋਈ ਵੀ ਫ਼ਰਕ ਨਹੀਂ ਕਰ ਸਕਦਾ॥੨੧॥

ਜੁਕਤਿ ਉਕਤਿ ਇਕਤਾ ਮਹਿਂ ਐਸੇ। ਉਪਪਤਿ ਸ਼੍ਰਵਣ ਰੂਭ ਲਖਿ ਤੈਸੇ।
ਬੇਦ ਛਾਂਦੋਗ ਖਸ਼ਟਮੇ ਧਜਾਇ। ਤਹਾਂ ਕਰੇ ਖਟ ਸ਼੍ਰਵਣ ਬਨਾਇ॥੨੨॥

ਏਕਤਾ ਵਿਚ ਉਕਤੀ ਯੁਕਤੀ ਇਸ ਤਰ੍ਹਾਂ ਹੈ, 'ਉਪਪਤੀ ਸ਼੍ਰਵਣ' ਦਾ ਰੂਪ ਇਸ ਤਰ੍ਹਾਂ ਸਮਝ ਲਵੋ। ਛਾਂਦੋਗ ਉਪਨਿਸ਼ਦ ਦੇ ਛੇਵੇਂ ਅਧਿਆਇ ਵਿਚ ਛੇ ਸ਼੍ਰਵਣ ਵਰਣਨ ਕੀਤੇ ਹਨ॥੨੨॥

ਸੋ ਜਪੁਜੀ ਮਹਿਂ ਗੁਰੂ ਦਿਖਾਏ। ਸ਼੍ਰਵਣ ਪੌੜੀਆਂ ਚਾਰ ਬਣਾਏ।
ਸ਼੍ਰਵਣ ਮਹਾਤਮ ਕੋ ਦਿਖਰਾਯੋ। ਸ਼੍ਰਵਣ ਰੂਪ ਕੋ ਨਹੀਂ ਬਤਾਯੋ॥੨੩॥

ਉਹ ਜਪੁਜੀ ਸਾਹਿਬ ਵਿਚ ਗੁਰੂ ਜੀ ਨੇ ਵਿਖਾਏ ਹਨ, ਸ਼੍ਰਵਣ ਦੀਆਂ ਚਾਰ ਪਉੜੀਆਂ ਬਣਾਈਆਂ ਹਨ ਤੇ ਸ਼੍ਰਵਣ ਮਹਾਤਮ ਨੂੰ ਵਿਖਾਇਆ ਹੈ, ਸ੍ਰਵਣ ਰੂਪ ਨੂੰ ਨਹੀਂ ਦੱਸਿਆ॥੨੩॥

ਸੋ ਖਟ ਰੂਪ ਪ੍ਰਗਟ ਦਿਖਰਾਏ। ਸਿੱਖ ਮੁਮੋਖੀ ਕੋ ਸਮੁਝਾਏ।
(ਮਨਨ) ਮਨਨ ਗਜਾਨ ਕੋ ਭੇਦ ਬਤਾਵਤਿ। ਜਿਸ ਕੇ ਕਰੇ ਪਰਮ ਗਤਿ ਪਾਵਤਿ॥੨੪॥

ਸੋ ਛੇ ਰੂਪ ਪ੍ਰਗਟ ਵਿਖਾਏ ਹਨ, ਸਿੱਖਾਂ ਨੂੰ ਮੁਕਤੀ ਦੀ ਇੱਛਾ ਬਾਰੇ ਸਮਝਾਇਆ ਹੈ। ਮਨਨ ਗਿਆਨ ਦੇ ਭੇਦ ਬਾਰੇ ਮੈਂ ਦੱਸਦਾ ਹਾਂ। ਜਿਸ ਦੇ ਕਰਨ ਨਾਲ ਪਰਮ ਗਤੀ ਪ੍ਰਾਪਤ ਹੁੰਦੀ ਹੈ॥੨੪॥

ਮਨਨ ਕਰੇ ਮਨ ਹੋਤਿ ਬਿਲਾਇ। ਜੋ ਮਨ ਦ੍ਵੈਤ ਰਹਜੋ ਲਪਟਾਇ।
ਸਤਿ ਚੇਤਨ ਆਨੰਦ ਅਪਾਰ। ਬ੍ਰਹਮ ਆਤਮਾ ਹੀਨ ਬਿਕਾਰ॥ ੨੫॥

ਮਨਨ ਕਰਨ ਨਾਲ ਮਨ ਲੈ ਹੋ ਜਾਂਦਾ ਹੈ। ਜਿਹੜਾ ਮਨ ਦ੍ਵੈਤ ਵਿਚ ਲਪਟ ਰਿਹਾ ਸੀ। ਸਤਿ ਚੇਤਨ ਅਨੰਦ ਅਪਾਰ ਹੈ, ਬ੍ਰਹਮ ਆਤਮਾ ਵਿਕਾਰ ਹੀਨ ਹੈ॥੨੫॥

ਇਕ ਰਸ ਸਦਾ, ਬਾਲ ਨਹਿਂ ਤਰੁਣ। ਨਹੀਂ ਜਰਾ ਤੇ ਜਰ ਜਰ ਮਰਣ।
ਜੜ ਸੋ ਨਹੀਂ, ਨਹੀਂ ਦੁਖ ਰੂਪ। ਏਕ ਆਤਮਾ ਅਚਲ ਅਨੂਪ॥ ੨੬॥

ਸਦਾ ਇਕ ਰਸ ਹੈ, ਨਾ ਬਾਲਕ ਹੈ, ਨਾ ਜੁਆਨ ਹੈ। ਬੁੱਢਾ ਨਹੀਂ ਹੈ ਤੇ ਬੁਢੇਪੇ ਤੋਂ ਜਰਜਰਾ ਹੋ ਕੇ ਮਰਨਾ ਨਹੀਂ। ਉਹ ਜੜ੍ਹ ਨਹੀਂ ਤੇ ਨਾ ਹੀ ਦੁੱਖ ਰੂਪ ਹੈ, ਇਕ ਅਨੁਪਮ ਅਚੱਲ ਆਤਮਾ ਹੈ॥੨੬॥

ਤੀਨ ਸਰੀਰਨ ਤੇ ਨਿਤ ਭਿੰਨ। ਸਾਖੀ ਰੂਪ, ਨਹੀਂ ਪਰਛਿੰਨ।
ਥੂਲ ਦੇਹਿ ਬਿਨਸਤਿ ਅਰੁ ਜਨਮਹਿ। ਆਤਮ ਜਿਉਂ ਕਾ ਤਿਉਂ ਲਖਿ ਮਨ ਮਹਿਂ॥੨੭॥

ਤਿੰਨ ਸੂਖਮ, ਸਥੂਲ ਅਤੇ ਕਾਰਨ ਰੂਪੀ ਸਰੀਰਾਂ ਤੋਂ ਭਿੰਨ ਹੈ। ਪ੍ਰਛੰਨ ਨਹੀਂ, ਨਾ ਹੀ ਅਛਾਦਿ ਹੈ ਅਤੇ ਨਾ ਹੀ ਪ੍ਰਗਟ ਹੈ। ਅਸਥੂਲ ਦੇਹੀ ਤਾਂ ਜਨਮਦੀ ਅਤੇ ਮਰਦੀ ਹੈ। ਆਤਮਾ ਨੂੰ ਆਪਣੇ ਮਨ ਵਿਚ ਜਿਵੇਂ ਦੀ ਤਿਵੇਂ ਸਮਝੋ॥੨੭॥

ਅਵਨੀ ਕੈ ਸਿਹਜਾ ਪਰ ਪਰੈ। ਥੂਲ ਦੇਹ ਜੜ ਸਮਸਰ ਥਿਰੈ।
ਆਤਮ ਲਿੰਗ ਦੇਹ ਪਰਕਾਸ਼ੈ। ਅਨਿਕ ਪ੍ਰਕਾਰਨਿ ਸੁਪਨਾ ਭਾਸੈ॥ ੨੮॥

ਸੌਣ ਵੇਲੇ ਪ੍ਰਿਥਵੀ ਜਾਂ ਸੇਜ 'ਤੇ ਪਵੇ, ਸਥੂਲ ਦੇਹ ਜੜ੍ਹ ਵਾਂਗ ਹੋ ਕੇ ਪਈ ਰਹਿੰਦੀ ਹੈ। ਆਤਮ ਲਿੰਗ ਦੇਹ ਭਾਵ ਸੂਖਮ ਸਰੀਰ ਪ੍ਰਕਾਸ਼ਦਾ ਹੈ। ਅਨੇਕ ਪ੍ਰਕਾਰ ਦੇ ਸੁਪਨੇ ਭਾਸਦੇ ਹਨ॥੨੮॥

ਸੁਪਨੇ ਕੇਰ ਪਦਾਰਥ ਭਾਰੇ। ਅਰੁ ਸੁਪਨੇ ਪਰਕਾਸ਼ਹਿ ਸਾਰੇ।
ਜਬਿ ਸੁਖਪਤੀ ਅਵਸਥਾ ਹੋਇ। ਤਬੈ ਅਭਾਵ ਲਿੰਗ ਤਨ ਹੋਇ॥ ੨੯॥

ਸੁਪਨੇ ਦੇ ਬਹੁਤ ਪਦਾਰਥ, ਆਤਮਾ ਪ੍ਰਕਾਸ਼ਦਾ ਹੈ। ਜਦ ਸੁਖਪਤੀ ਅਵਸਥਾ ਹੋਇ, ਤਦ ਲਿੰਗ ਤਨ ਦਾ ਅਭਾਵ ਹੁੰਦਾ ਹੈ॥੨੯॥

ਜੀਵ ਆਤਮਾ ਇੰਦ੍ਰ ਸਰੂਪ। ਇੰਦ੍ਰਾਣੀ ਲੇ ਬੁੱਧਿ ਅਨੂਪ।
ਰਿਦੇ ਸਦਨ ਮਹਿਂ ਲਹਿ ਬਿਸਰਾਮ। ਤਬਿ ਲੌ ਸੁਖਪਤਿ ਹੈ ਸੁਖ ਧਾਮ॥ ੩੦॥

ਜੀਵਾਤਮਾ ਮਾਨੋ ਇੰਦਰ ਹੈ, ਬੁੱਧੀ ਮਾਨੋ ਇੰਦਰਾਣੀ ਹੈ। ਹਿਰਦਾ ਮਾਨੋ ਘਰ ਹੈ ਜਿੱਥੇ ਦੋਵੇਂ ਵਿਸ਼ਰਾਮ ਕਰਦੇ ਹਨ, ਤਦ ਤਕ ਸੁਖਾਂ ਦਾ ਘਰ ਰੂਪੀ ਸੁਖਪਤੀ ਹੈ॥੩੦॥

ਬਹੁਰ ਉਠਹਿ ਲੈਕੇ ਨਿਜ ਰਾਨੀ। ਸਰਬ ਸਰੀਰ ਕਰਹਿ ਸਵਧਾਨੀ।
ਜਾਗ੍ਰਤਿ ਅਵਸਥਾ ਕੋ ਜਬਿ ਪਾਇ। ਗਹੈ ਬਿਸ਼ੈ ਕੋ ਸਹਿਜ ਸੁਭਾਇ॥ ੩੧॥

ਫਿਰ ਆਪਣੀ ਰਾਣੀ ਨੂੰ ਲੈ ਕੇ ਉੱਠਦਾ ਹੈ, ਸਾਰਾ ਸਰੀਰ ਸਾਵਧਾਨ ਹੋ ਜਾਂਦਾ ਹੈ। ਜਾਗ੍ਰਤ ਅਵਸਥਾ ਨੂੰ ਜਦੋਂ ਪਾਉਂਦਾ ਹੈ ਤੇ ਵਿਸ਼ੇ ਨੂੰ ਸਹਿਜ ਸੁਭਾਅ ਫੜ ਲੈਂਦਾ ਹੈ॥੩੧॥

ਲਹੈ ਸਥਿਰਤਾ ਲੋਚਨ ਦਾਏ। ਬੁੱਧਿ ਇੰਦ੍ਰਾਣੀ ਥਿਰ ਹ੍ਵੈ ਬਾਏ।
ਇੰਦ੍ਰਯ ਬਿਸ਼ੈ ਪ੍ਰਕਾਸ਼ਨਿ ਠਾਨੈ। ਸੁਪਨ ਸਖੋਪਤਿ ਤਬਿ ਦ੍ਵੈ ਹਾਨੈ॥ ੩੨॥

ਸੱਜੇ ਨੇਤਰ ਵਿਚ ਜੀਵਾਤਮਾ ਰੂਪ ਇੰਦਰ ਸਥਿਰ ਹੁੰਦਾ ਹੈ। ਬੁੱਧੀ ਰੂਪ ਇੰਦ੍ਰਾਣੀ ਖੱਬੀ ਅੱਖ ਵਿਚ ਪ੍ਰਕਾਸ਼ਦੀ ਹੈ। ਆਤਮਾ ਇੰਦ੍ਰਿਆਂ ਅਤੇ ਵਿਸ਼ਿਆਂ ਨੂੰ ਪ੍ਰਕਾਸ਼ਦਾ ਹੈ, ਉਸ ਸਮੇਂ ਸੁਖੋਪਤੀ ਅਤੇ ਸ੍ਵਪਨ ਦੋਵੇਂ ਨਹੀਂ ਹੁੰਦੇ॥੩੨॥

ਯਾਂਤੇ ਮਿੱਥਜਾ ਤੀਨ ਅਵਸਥਾ। ਮਿੱਥਜਾ ਤੀਨ ਸਰੀਰ ਬਿਵਸਥਾ।
ਬਾਰੰਬਾਰ ਬਿਚਾਰਨ ਐਸੇ। 'ਮਨਨ' ਬਿਚਾਰ ਨਾਮ ਇਸ ਹੈਸੇ॥ ੩੩॥

ਇਸ ਕਰਕੇ ਮਿੱਥਿਆ ਦੀਆਂ ਤਿੰਨ ਅਵਸਥਾ ਹਨ, ਜਾਗ੍ਰਤਿ, ਸੁਪਨ ਅਤੇ ਸਖੋਪਤੀ। ਤਿੰਨਾਂ ਸਰੀਰਾਂ ਦੀ ਰੀਤੀ ਵੀ ਮਿਥਿਆ ਹੈ। ਬਾਰ-ਬਾਰ ਇਸ ਤਰ੍ਹਾਂ ਵਿਚਾਰ ਕਰੋ, ਇਸ ਵਿਚਾਰ ਦਾ ਨਾਮ ਮੰਨਨ ਹੈ॥੩੩॥

ਮਨ ਕੀ ਬ੍ਰਿਤਾਂ ਪੰਚ ਬਿਧਿ ਹੋਇ। ਇਕ ਪਰਮਾਨ, ਵਿਪਰਜੈ ਦੋਇ।
ਵਿਕਲਪ, ਨਿੰਦ੍ਰਾ, ਸਿੰਮ੍ਰਿਤਿ, ਜਾਨਿ। ਸੁਨਹੁ ਸਰੂਪ ਜੁ ਬ੍ਰਿਤਿ ਪ੍ਰਮਾਨ॥ ੩੪॥

ਮਨ ਦੀਆਂ ਬ੍ਰਿਤੀਆਂ ਪੰਜ ਪ੍ਰਕਾਰ ਦੀਆਂ ਹਨ। ਪਹਿਲੀ ਪ੍ਰਮਾਣ ਹੈ, ਵਿਪਰਜੈ ਦੂਸਰੀ ਹੈ। ਵਿਕਲਪ, ਨਿੰਦ੍ਰਾ ਸਿੰਮ੍ਰਿਤਿ ਬਾਕੀ ਦੀਆਂ ਤਿੰਨ ਜਾਣੋ। ਪਹਿਲੀ ਪ੍ਰਮਾਣ ਬ੍ਰਿਤੀ ਦਾ ਰੂਪ ਸੁਣੋ॥੩੪॥

(ਪ੍ਰਮਾਣ) ਅੰਤਹਿਕਰਣ ਬ੍ਰਿਤਿ ਹੈ ਜੋਇ। ਇੰਦ੍ਰਯ ਦ੍ਵਾਰਾ ਨਿਕਰੈ ਸੋਇ।
ਨਾਨਾ ਘਟ ਪਟ ਧਰੇ ਪਦਾਰਥ। ਤਿਨਹਿ ਜਾਨਿਬੋ ਹੋਇ ਜਥਾਰਥ॥ ੩੫॥

ਪ੍ਰਮਾਣ ਅੰਤਹਿਕਰਣ ਦੀ ਬ੍ਰਿਤੀ ਹੈ, ਉਹ ਇੰਦ੍ਰਿਆਂ ਦ੍ਵਾਰੇ ਬਾਹਰ ਨਿਕਲਦੀ ਹੈ। ਨਾਨਾ ਪ੍ਰਕਾਰ ਦੇ ਘਟ ਪਟ ਪਦਾਰਥ ਧਾਰਨ ਕਰਦੀ ਹੈ, ਉਨ੍ਹਾਂ ਨੂੰ ਜਿਉ ਦਾ ਤਿਉਂ ਜਾਣ ਲੈਂਦੀ ਹੈ॥੩੫॥

(ਵਿਪਰਜੈ) ਦੁਤੀ 'ਵਿਪਰਜੈ' ਇਸ ਕੋ ਕਹੈਂ। ਰੱਜੂ ਪਰੀ ਸਰਪ ਤਿਸ ਲਹੈ।
(ਵਿਕਲਪ) ਬ੍ਰਿਤਿ 'ਵਿਕਲਪ' ਰੂਪ ਇਹ ਮਾਨ। ਸ਼ਬਦ ਅਰਥ ਕੋ ਲੀਜੈ ਜਾਨਿ॥੩੬॥

ਦੂਸਰੀ ਨੂੰ ਵਿਪਰਜੈ ਕਹਿੰਦੇ ਹਨ, ਰੱਸੀ ਪਈ ਨੂੰ ਜਿਵੇਂ ਸੱਪ ਸਮਝ ਲੈਂਦੇ ਹਾਂ। ਤੀਜੀ ਵਿਕਲਪ ਬ੍ਰਿਤੀ ਨੂੰ ਵਿਕਲਪ ਰੂਪ ਮੰਨ ਲਵੋ, ਇਸ ਦੇ ਸ਼ਬਦੀ ਅਰਥ ਨੂੰ ਜਾਣ ਲਵੋ॥੩੭॥

ਤਾਤਪਰਜ ਮਹਿਂ ਰਹੈ ਸੰਦੇਹਿ। ਨਿਹਚੈ ਭਯੋ ਨ ਲਖੀਅਹਿ ਏਹ।
(ਨਿੰਦ੍ਰਾ) ਅਭਾਵ ਗਜਾਨ ਕੋ ਆਸ਼੍ਰੈ ਬ੍ਰਿਤਿ। 'ਨਿੰਦ੍ਰਾ' ਬ੍ਰਿਤਿ ਕਹਿਂ ਸਮਝਹੁ ਚਿਤ॥੩੭॥

ਸ਼ਬਦ ਦੇ ਅਰਥ ਨੂੰ ਜਾਣ ਲੈਣ ਉੱਤੇ ਵੀ ਤਾਤਪਰੇ ਸਮਝਣ ਵਿਚ ਸੰਸਾ ਰਹਿੰਦਾ ਹੈ। ਅਭਾਵ ਗਿਆਨ ਦਾ ਆਸਰਾ ਲੈਣ ਵਾਲੀ ਬ੍ਰਿਤੀ ਨੂੰ ਨਿੰਦ੍ਰਾ ਬ੍ਰਿਤੀ ਕਹਿੰਦੇ ਹਨ, ਇਸ ਨੂੰ ਚਿੱਤ ਵਿਚ ਸਮਝ ਲਵੋ॥੩੭॥

ਜਾਗ੍ਰਤਿ ਸੁਪਨ ਜੁ ਬ੍ਰਿਤਿ ਅਭਾਵ। ਕਰਣ ਹਾਰ ਸੋ ਤਮੂ ਗੁਣ ਭਾਵ।
ਸੁਖਪਤਿ ਤਮੁ ਗੁਣ ਗ੍ਰਹਿਣ ਜੁ ਕਰੈ। ਨਿੰਦ੍ਰਾ ਬ੍ਰਿਤੀ ਨਾਮ ਤਿਸ ਰਰੈਂ॥ ੩੮॥

ਜਾਗ੍ਰਿਤ ਸੁਪਨ ਤੇ ਗਿਆਨ ਦੀਆਂ ਬ੍ਰਿਤੀਆਂ ਨੂੰ ਅਭਾਵ ਕਰਕੇ, ਜੋ ਤਮੋ ਗੁਣ ਨੂੰ ਆਸਰਾ ਕਰਕੇ ਤੇ ਸਖੋਪਤੀ ਵਿਚ ਤਮੋ ਗੁਣ ਭਾਵ ਨੂੰ ਗ੍ਰਹਿਣ ਕਰਨ ਵਾਲੀ ਹੈ, ਉਸ ਦਾ ਨਾਮ ਨਿੰਦ੍ਰਾ ਬ੍ਰਿਤੀ ਹੈ॥੩੮॥

(ਸਿੰਮ੍ਰਤੀ) ਪ੍ਰਥਮ ਸਮੇਂ ਕੁਛ ਅਨੁਭਵ ਕੀਨ। ਅਪਰ ਸਮੈਂ ਚਿਤਵੈ ਸਤ ਚੀਨ।
ਜਥਾ ਭਨੈ ਇਹ ਨਰ ਹੈ ਸੋਈ। ਪੂਰਬ ਪਿਖਯੋ ਥਾਵ ਕਿਸ ਜੋਈ॥ ੩੯॥

ਪਹਿਲੇ ਸਮੇਂ ਕੋਈ ਗੱਲ ਸਮਝੀ ਸੀ, ਫਿਰ ਕਿਸੇ ਹੋਰ ਸਮੇਂ ਉਸ ਦੀ ਹੋਂਦ ਪਛਾਣ ਕੇ ਯਾਦ ਕਰੇ। ਜਿਵੇਂ ਕੋਈ ਆਖੇ ਕਿ ਇਹ ਆਦਮੀ ਉਹੋ ਹੈ, ਜੋ ਮੈਂ ਪਹਿਲਾਂ ਕਿਸੇ ਥਾਂ ਡਿੱਠਾ ਸੀ॥੩੯॥

ਜਿਸ ਕਰ ਚਿਤ ਕਰਨਾ ਇਹ ਹੋਇ। ਸਿੰਮ੍ਰਿਤ ਬ੍ਰਿੱਤਿ ਜਾਨੀਅਹਿ ਸੋਇ।
(ਸਥਿਤੀ) ਪੰਚ ਬ੍ਰਿਤਾਂ ਬਿਨ ਚਿਤ ਹੁਇ ਜਾਵੈ। ਆਤਮ ਕੇ ਸਰੂਪ ਦਿਸ਼ ਧਾਵੈ॥੪੦॥

ਜਿਸ ਕਰਕੇ ਕੋਈ ਕਹੇ ਕਿ ਇਸ ਬਾਰੇ ਮੈਨੂੰ ਚੇਤਾ ਆ ਗਿਆ ਹੈ, ਇਸ ਨੂੰ ਸਿੰਮ੍ਰਿਤ ਬ੍ਰਿਤੀ ਜਾਣ ਲਵੋ। ਪੰਜਾਂ ਬ੍ਰਿਤੀਆਂ ਤੋਂ ਚਿੱਤ ਜਦੋਂ ਬਗ਼ੈਰ ਹੋ ਜਾਵੇ ਤੇ ਆਤਮਾ ਦੇ ਸਰੂਪ ਵਾਲੇ ਪਾਸੇ ਦੌੜੇ॥੪੦॥

ਮਨ ਪ੍ਰਵਾਹ ਜਬਿ ਇਸ ਬਿਧਿ ਹੋਇ। ਨਾਮ 'ਸਥਿਤੀ' ਬਖਾਨੈ ਸੋਇ।
ਅੱਭਜਾਸ॥ ਇਸਥਿਤਿ ਪ੍ਰਾਪਤਿ ਹੇਤ ਪ੍ਰਯਾਸ। ਤਿਸ ਕੋ ਨਾਮ ਲਖੋ ਅੱਭਜਾਸ॥੪੧॥

ਮਨ ਪ੍ਰਵਾਹ ਜਦ ਇਸ ਵਿਧੀ ਨਾਲ ਹੋ ਜਾਵੇ, ਉਸ ਦਾ ਨਾਮ 'ਸਥਿਤੀ' ਕਹਿੰਦੇ ਹਨ। ਇਸਥਿਤੀ ਦੀ ਪ੍ਰਾਪਤੀ ਵਾਸਤੇ ਯਤਨ ਕਰਨਾ, ਇਸ ਦਾ ਨਾਮ ਅਭਿਆਸ ਜਾਣੋ। ਉਸ ਕਰਕੇ ਇਸ ਦਾ ਨਾਮ 'ਅਭਿਆਸ' ਸਮਝੋ॥੪੧॥

ਸੋ ਅਭਜਾਸ ਹੈ ਦੋਇ ਪ੍ਰਕਾਰ। ਏਕ 'ਅਲਪ' ਦੂਸਰ 'ਦ੍ਰਿੜ੍ਹ' ਧਾਰਿ।
ਕਬਿ ਕਬਿ ਆਤਮ ਕੋ ਅੱਭਜਾਸੈ। ਇਹ ਤੌ 'ਅਲਪ' ਨਾਮ ਕਹੁ ਭਾਸੈ॥੪੨॥

ਉਹ ਅਭਿਆਸ ਦੋ ਪ੍ਰਕਾਰ ਦਾ ਹੈ, ਇਕ ਅਲਪ ਦੂਸਰਾ ਦ੍ਰਿੜ੍ਹ ਧਾਰਨ ਕਰਨਾ ਹੈ, ਜਿਹੜਾ ਕਦੀ-ਕਦੀ ਆਤਮਾ ਦਾ ਅਭਿਆਸ ਕਰਦਾ ਹੈ, ਇਸ ਨੂੰ ਅਲਪ ਅਭਿਆਸ ਕਹਿੰਦੇ ਹਨ॥੪੨॥

ਸਾਦਰ, ਦੀਰਘ ਕਾਲ, ਨਿਰੰਤਰ। ਸੋ 'ਦ੍ਰਿੜ੍ਹ ਭੂਮਿ' ਰੂਪ ਲਖਿ ਅੰਤਰ।
(ਵੈਰਾਗ) ਮਿਟੀ ਪ੍ਰੀਤ ਵਿਸ਼ਿਯਨਿ ਤੇ ਜਬੈ। ਨਾਮ ਵਿਰਾਗ ਹੋਤਿ ਹਿਯ ਤਬੈ॥੪੩॥

ਜਿਹੜਾ ਆਦਰ ਨਾਲ ਲੰਮੇ ਸਮੇਂ ਤੱਕ ਲਗਾਤਾਰ ਅਭਿਆਸ ਕਰਦਾ ਹੈ, ਇਸ ਨੂੰ ਚਿੱਤ ਵਿਚ ਦ੍ਰਿੜ੍ਹ ਭੂਮਿਕਾ ਰੂਪ ਸਮਝੋ। ਜਦ ਵਿਸ਼ਿਆਂ ਨਾਲ ਪ੍ਰੀਤ ਖਤਮ ਹੋ ਜਾਵੇ, ਤਦ ਨਾਮ ਵਿਰਾਗ ਹੋ ਜਾਂਦਾ ਹੈ॥੪੩॥

ਸੋ ਵੈਰਾਗ ਹੈ ਚਾਰ ਪ੍ਰਕਾਰ। ਇਕ 'ਯਤਮਾਨ' 'ਵਿਤ੍ਰੇਕ' ਬਿਚਾਰ।
'ਇਕ ਇੰਦ੍ਰੈ' ਅਰੁ 'ਵਸੀਕਾਰ' ਕਹਿਂ। ਇਨ ਕੇ ਲੱਛਨ ਭਨੌਂ ਜਥਾ ਲਹਿ॥੪੪॥

ਇਹ ਵਿਰਾਗ ਚਾਰ ਪ੍ਰਕਾਰ ਦਾ ਹੈ, ਇਕ ਦਾ ਨਾਮ 'ਯਤਮਾਨ' ਹੈ ਅਤੇ ਦੂਸਰੇ ਦਾ ਨਾਮ 'ਵਿਤ੍ਰੇਕ' ਵਿਚਾਰ ਲਵੋ। ਤੀਸਰੇ ਨੂੰ 'ਇੰਦਰੇ' ਅਤੇ ਚੌਥੇ ਨੂੰ 'ਵਸੀਕਾਰ' ਕਹਿੰਦੇ ਹਨ। ਇਨ੍ਹਾਂ ਦੇ ਲੱਛਣ ਮੈਂ ਕਹਿੰਦਾ ਹਾਂ ਜਿਵੇਂ ਮੈਂ ਸਮਝਿਆ ਹਾਂ॥੪੪॥

(ਯਤਮਾਨ) ਦੁੱਖ ਰੂਪ ਸੰਸਾਰ ਪਛਾਨਾ। ਸੰਤਨ ਸੇਵਾ ਰੁਚੀ ਮਹਾਨਾ।
ਸੱਤਿ ਰੂਪ ਪਰਮੇਸ਼ਰ ਪਾਊਂ। ਬੰਧਨ ਕਰਮ ਪਏ ਛੁਟਕਾਊਂ॥੪੫॥

ਯਤਮਾਨ ਦੁੱਖ ਰੂਪ ਸੰਸਾਰ ਪਛਾਣਦਾ ਹੈ, ਸੰਤਾਂ ਦੀ ਸੇਵਾ ਵਾਸਤੇ ਮਹਾਨ ਰੁਚੀ ਰੱਖਦਾ ਹੈ। ਮੈਂ ਸੱਤ ਰੂਪ ਪ੍ਰਮੇਸ਼ਰ ਨੂੰ ਪਾ ਲਵਾਂ ਤੇ ਕਰਮਾਂ ਦੇ ਬੰਧਨਾਂ ਤੋਂ ਛੁਟਕਾਰਾ ਪਾਵਾਂ॥੪੫॥

ਇਸ ਕੋ ਯੱਤਿਮਾਨ ਮਨ ਜਾਨਿ। ਸੰਤਨ ਸੰਗਤ ਕੀਨ ਮਹਾਨ।
(ਵਿੱਤ੍ਰੇਕ) ਲਗਜੋ ਬਿਚਾਰਨ ਗੁਨ ਅਰੁ ਦੋਖ। ਦੋਖ ਤਜੋਂ, ਕਿਸ ਗੁਨ ਤੇ ਮੋਖ ?॥੪੬॥

ਇਸ ਨੂੰ ਯਤਿਮਾਨ ਮਨ ਵਿਚ ਜਾਣੋ। ਸੰਤਾਂ ਦੀ ਮਹਾਨ ਸੰਗਤ ਕੀਤੀ ਹੈ। ਗੁਣ ਅਤੇ ਦੋਖ ਵਿਚਾਰਨ ਲੱਗਾ ਹੈ, ਦੋਸ਼ ਨੂੰ ਛੱਡ ਦੇਵਾਂ ਤੇ ਕਿਸੇ ਗੁਣ ਤੋਂ ਮੁਕਤੀ ਪ੍ਰਾਪਤ ਕਰਾਂ ?॥੪੬॥

ਸਤਿ ਸੰਤੋਖ ਆਦਿ ਬਿਰਧਾਵੈ। ਕਾਮ ਕ੍ਰੋਧ ਮੋਹ ਆਦਿ ਘਟਾਵੈ।
ਇਹ ਵੈਰਾਗ 'ਵਿਤ੍ਰੇਕ' ਪਛਾਨ। (ਏਕ ਇੰਦ੍ਰੈ ਵੈਰਾਗ) ਇਕਇੰਦ੍ਰੀ ਕੋ ਸੁਨਿ ਦੈ ਕਾਨ॥੪੭॥

ਸਤਿ ਸੰਤੋਖ ਆਦਿ ਵਧਾਉਂਦਾ ਹੈ, ਕਾਮ, ਕ੍ਰੋਧ ਅਤੇ ਮੋਹ ਆਦਿ ਨੂੰ ਘਟਾਉਂਦਾ ਹੈ, ਇਸ ਨੂੰ ਵੈਰਾਗ ਵਿਤ੍ਰੇਕ ਪਛਾਣੋ। ਇਕ ਇੰਦਰੇ ਨੂੰ ਕੰਨ ਦੇ ਕੇ ਸੁਣਦਾ ਹੈ॥੪੭॥

ਵਹਿਰ ਬਿਸ਼ੈ ਗੁਨ ਤਜਾਗਨ ਕੀਨ। ਮਨ ਮਹਿਂ ਤਨਕ ਹੋਇ ਲਿਵਲੀਨ।
(ਵਸੀਕਾਰ) ਵਸੀਕਾਰ ਕੋ ਸੁਨਿ ਇਸ ਬੇਰੇ। ਬਿਸ਼ੈ ਭੋਗ ਜੁਗ ਲੋਕਨਿ ਕੇਰੇ॥੪੮॥

ਬਾਹਰੋਂ ਇੰਦ੍ਰੀਆਂ ਦੇ ਵਿਸ਼ੇ ਸ਼ਬਦ ਆਦਿ ਛੱਡ ਦਿੱਤੇ ਹਨ, ਮਨ ਵਿਚ ਥੋੜ੍ਹੇ-ਥੋੜ੍ਹੇ ਹਾਲੇ ਜੁੜੇ ਹੋਏ ਹਨ। ਇਸ ਨੂੰ ਇਕ ਇੰਦਰੇ ਵਿਰਾਗ ਕਹਿੰਦੇ ਹਨ। ਇਸ ਸਮੇਂ ਵਸੀਕਾਰ ਬਾਰੇ ਸੁਣੋ, ਦੋਹਾਂ ਲੋਕਾਂ ਦੇ ਜਿਹੜੇ ਵਿਸ਼ੇ ਭੋਗ ਹਨ॥੪੮॥

ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਨ ਤੇ ਛੂਟਿ ਗਯੋ ਮਨ ਬੰਧ।
ਬਾਇਸ ਵਿਸ਼ਟਾ ਸਮ ਸਭਿ ਬਿਸ਼ੇ। ਬਮਨ ਸਰਸ ਨਹਿਂ ਭਾਵਤਿ ਜਿਸੇ॥੪੯॥

ਸ਼ਬਦ, ਛੂਹ, ਰੂਪ, ਰਸ, ਸੁਗੰਧ, ਇਨ੍ਹਾਂ ਤੋਂ ਮਨ ਦਾ ਬੰਧਨ ਟੁੱਟ ਗਿਆ ਹੈ। ਬਿਖ ਸਮਾਨ ਸਾਰੇ ਵਿਸ਼ੇ ਹੋ ਗਏ ਹਨ, ਉਲਟੀ ਸਮਾਨ ਜਿਸ ਨੂੰ ਚੰਗੇ ਨਹੀਂ ਲੱਗਦੇ ਹਨ॥੪੯॥

ਅਸ ਵੈਰਾਗ ਸੰਗ ਮਨ ਜੀਤ। ਗਹੇ ਸਥਿਰਤਾ ਆਤਮ ਨੀਤ।
ਬ੍ਰਹਮ ਗਜਾਨ ਸੂਰਜ ਕੇ ਸੰਗ। ਤਮ ਅੱਗਜਾਨ ਸਕਲ ਦੇ ਭੰਗ॥ ੫੦॥

ਐਸੇ ਵੈਰਾਗ ਨਾਲ ਮਨ ਨੂੰ ਜਿੱਤ ਕੇ ਆਤਮਾ ਸਦਾ ਸਥਿਰਤਾ ਫੜ ਲਵੇ। ਫਿਰ ਬ੍ਰਹਮ ਗਿਆਨ ਰੂਪ ਸੂਰਜ ਦੇ ਨਾਲ ਸਾਰਾ ਅਗਿਆਨ ਰੂਪੀ ਹਨੇਰਾ ਦੂਰ ਹੋ ਜਾਂਦਾ ਹੈ॥੫੦॥

ਪੰਜਵੀਂ ਰੁੱਤ ਦਾ ਸੰਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥